THE PUNJAB STATE BOARD OF TECHNICAL
EDUCATION AND INDUSTRIAL TRAINING
PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ:ਪੀ.ਐਸ.ਬੀ./ਆਈ.ਟੀ./19/279 SCVT (ਅਤਿ ਜ਼ਰੂਰੀ) ਮਿਤੀ: 6/2/19

ਸੇਵਾ ਵਿਖੇ

ਪ੍ਰਿੰਸੀਪਲ/ਮੁੱਖ ਅਧਿਆਪਕ,
ਸਮੂਹ ਪ੍ਰੀਖਿਆ ਕੇਂਦਰ, ਸਰਕਾਰੀ ਆਈ.ਟੀ.ਆਈ./ਆਈ.ਟੀ.ਸੀ. (ਇ:), ਆਰਟ ਐਂਡ ਕਰਾਫਟ ਅਤੇ ਟੀਚਰ ਟਰੇਨਿੰਗ ਸੰਸਥਾਵਾਂ
ਪੰਜਾਬ ਰਾਜ ਅਧੀਨ।

ਵਿਸ਼ਾ: **ਆਈ.ਟੀ.ਆਈ. ਸੰਸਥਾਵਾਂ ਵਿੱਚ ਪ੍ਰੀਖਿਆ February-2019 ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ ਐਸ.ਸੀ.ਵੀ.ਟੀ. ਟਰੇਡਾਂ, ਆਰਟ ਐਂਡ ਕਰਾਫਟ, ਟੀਚਰ ਟਰੇਨਿੰਗ ਅਤੇ ਪੰਜਾਬੀ ਸਟੈਨੋ ਕੋਰਸਾਂ ਦੇ ਪ੍ਰੀਖਿਆ ਲਈ ਸਟੇਸ਼ਨਰੀ ਲੈਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਮੂਹ ਪ੍ਰੀਖਿਆ ਕੇਂਦਰਾਂ ਨੂੰ ਦਸਿਆ ਜਾਂਦਾ ਹੈ ਕਿ **ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ ਐਸ.ਸੀ.ਵੀ.ਟੀ. ਟਰੇਡਾਂ, ਆਰਟ ਐਂਡ ਕਰਾਫਟ ਅਤੇ ਟੀਚਰ ਟਰੇਨਿੰਗ ਅਤੇ ਪੰਜਾਬੀ ਸਟੈਨੋ ਕੋਰਸਾਂ ਦੀ February-2019 ਦੀ ਪ੍ਰੀਖਿਆ** ਮਿਤੀ:-11-2-2019 **ਤੋਂ ਸ਼ੁਰੂ ਹੋ ਰਹੀ ਹੈ।** ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਸੈਂਟਰ ਵਿਖੇ ਐਸ.ਸੀ.ਵੀ.ਟੀ. ਸਕੀਮ ਅਧੀਨ ਅਪੀਅਰ ਹੋਣ ਵਾਲੇ ਵਿਦਿਆਰਥੀਆਂ ਲਈ ਲੋੜੀਂਦੀਆਂ OMR ਸ਼ੀਟਾਂ ਅਤੇ ਗਰਾਫ ਪੇਪਰ ਅਤੇ ਬਾਰ ਕੋਡ ਆਂਸਰ ਬੁਕਸ ਬੋਰਡ ਦਫਤਰ ਤੋਂ ਮਿਤੀ:-08 **ਫਰਵਰੀ 2019 ਤੱਕ** ਹਰ ਹਾਲਤ ਵਿੱਚ ਪ੍ਰਾਪਤ ਕਰ ਲੈਣ ਤਾਂ ਜੋ ਪ੍ਰੀਖਿਆ ਸਮੇਂ ਸਿਰ ਸ਼ੁਰੂ ਕਰਵਾਈ ਜਾ ਸਕੇ। ਇਥੇ ਇਹ ਵੀ ਦੱਸਣਯੋਗ ਹੈ ਕਿ **ਐਸ.ਸੀ.ਵੀ.ਟੀ. ਟਰੇਡਾਂ, ਆਰਟ ਐਂਡ ਕਰਾਫਟ ਅਤੇ ਟੀਚਰ ਟਰੇਨਿੰਗ ਦੇ ਥਿਊਰੀ ਪੇਪਰ ਬਾਰ ਕੋਡ ਆਂਸਰ ਬੁਕਾਂ ਤੇ ਹੀ ਹੋਣੇ ਹਨ।** OMR ਉਤਰ ਕਾਪਿਆਂ ਐਸ ਸੀ ਵੀ ਟੀ ਵਾਲਿਆਂ ਹੀ ਵਰਤੀਆਂ ਜਾਣ।ਜੇ ਕਰ ਕੋਈ ਸੰਸਥਾ ਐਨ ਸੀ ਵੀ ਟੀ ਵਾਲੀਆਂ OMR ਉੱਤਰ ਕਾਪਿਆਂ **ਐਸ.ਸੀ.ਵੀ.ਟੀ.** ਦੀ ਪੀਖ੍ਰਿਆ ਵਿੱਚ ਬਰਤਦੀਆਂ ਹਨ ਤਾਂ ਸੰਸਥਾ ਦੀ ਆਪਣੀ ਜਿਮੇਵਾਰੀ ਹੋਵਗੀ। ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਮੁੱਖ ਪ੍ਰੀਖਿਆ ਕੇਂਦਰ ਆਪਣੀ ਸੰਸਥਾ ਦੀ ਡਿਮਾਂਡ ਅਤੇ ਆਪਣੇ ਅਧੀਨ ਆਉਂਦੀਆਂ ਸੰਸਥਾਵਾਂ ਨਾਲ ਤਾਲਮੇਲ ਕਰਕੇ ਉਹਨਾਂ ਦੀ ਡਿਮਾਂਡ ਨਾਲ consolidate(ਐਸ.ਸੀ.ਵੀ.ਟੀ. ਟਰੇਡਾਂ, ਆਰਟ ਐਂਡ ਕਰਾਫਟ ਅਤੇ ਟੀਚਰ ਟਰੇਨਿੰਗ ਕੋਰਸਾਂ) ਕਰਕੇ ਲੋੜੀਂਦੀ ਸਟੇਸ਼ਨਰੀ ਬੋਰਡ ਦਫਤਰ ਤੋਂ ਉਕਤ ਦਰਸਾਈ ਮਿਤੀ ਨੂੰ ਹਰ ਹਾਲਤ ਵਿੱਚ ਲੈਣਾ ਯਕੀਨੀ ਬਨਾਉਣਗੇ।

ਉਪਰੋਕਤ ਦਰਸਾਈ ਸਥਿਤੀ ਦੇ ਸਨਮੁੱਖ ਪ੍ਰੀਖਿਆਵਾਂ ਸੈਂਟਰਾਂ ਵਲੋਂ ਪ੍ਰੀਖਿਆਵਾਂ ਸ਼ੁਰੂ ਹੋਣ ਤੋਂ ਪਹਿਲਾਂ ਅਤੇ ਪ੍ਰੀਖਿਆ ਦੋਰਾਨ ਸਹੀ ਅਤੇ ਸੁੱਚਜੇ ਢੰਗ ਨਾਲ ਸਿਖਿਆਰਥੀਆਂ ਨੂੰ ਓ.ਐਮ.ਆਰ. ਸ਼ੀਟ ਅਤੇ ਬਾਰ ਕੋਡ ਆਂਸਰ ਬੁਕਾਂ ਭਰਨ ਸਬੰਧੀ ਸਮੇਂ ਸਮੇਂ ਤੇ ਰੁਟੀਨ ਵਿੱਚ ਉਚਿਤ ਟ੍ਰੇਨਿੰਗ ਦਿੱਤੀ ਜਾਵੇ। ਪ੍ਰੀਖਿਆ ਦੋਰਾਨ ਇਨਵੀਜੀਲੇਟਰ ਅਤੇ ਡਿਊਟੀ ਤੇ ਤੈਨਾਤ ਸਟਾਫ ਇਹ ਯਕੀਨੀ ਬਣਾਏ ਕਿ ਸਿਖਿਆਰਥੀਆਂ ਵਲੋਂ ਓ.ਐਮ.ਆਰ. ਸ਼ੀਟ ਅਤੇ ਬਾਰ ਕੋਡ ਆਂਸਰ ਬੁਕਾਂ ਵਿੱਚ ਰਜਿਸਟਰੇਸ਼ਨ ਨੰਬਰ, ਸਮੈਸਟਰ, ਸੈਸ਼ਨ, ਪੇਪਰ, ਪੇਪਰ ਕੋਡ ਆਦਿ ਸਹੀ ਭਰਿਆ ਹੈ, ਉਸੇ ਉਪਰੰਤ ਹੀ OMR ਅਤੇ ਬਾਰ ਕੋਡ ਆਂਸਰ ਬੁਕਾਂ ਤੇ ਹਸਤਾਖਰ ਕੀਤੇ ਜਾਣ। ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਦੀ ਸੂਰਤ ਵਿੱਚ ਸਬੰਧਤ ਸੰਸਥਾ ਵਿਰੁੱਧ ਰੂਲਾਂ ਅਨੁਸਾਰ ਯੋਗ ਕਾਰਵਾਈ ਆਰੰਭ ਦਿੱਤੀ ਜਾਵੇਗੀ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

06.2.19
ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ.)

ਉਪਰੋਕਤ ਦਾ ਉਤਾਰਾ ਹੇਠ ਦਰਸਾਇਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1 PA/Secretary
2 Store, IA